# ਨਾਟ-ਸਿਧਾਂਤ ਪੁਸਤਕ ਦੇ ਪਹਿਲੇ ਅਧਿਆਇ 'ਨਾਟਕ ਕੀ ਹੈ' ਦਾ ਵਿਵੇਚਨ

ਐਮ.ਏ. ਪੰਜਾਬੀ (ਭਾਗ ਪਹਿਲਾ ਦੇ ਸਮੈਸਟਰ ਪਹਿਲਾ) ਦਾ ਤੀਸਰਾ ਪੇਪਰ (ਆਪਸ਼ਨਲ) 'ਪੰਜਾਬੀ ਨਾਟਕ–1' ਹੈ। ਇਸ ਦੇ (ੳ) ਭਾਗ ਵਿੱਚ ਨਾਟਕ ਅਤੇ ਪੰਜਾਬੀ ਨਾਟਕ ਦੇ ਸਿਧਾਂਤਕ ਤੇ ਵਿਹਾਰਕ ਪਰਿਪੇਖ ਨਾਲ਼ ਸਬੰਧਤ ਪੁਸਤਕ 'ਨਾਟ–ਸਿਧਾਂਤ' ਸ਼ਾਮਿਲ ਕੀਤੀ ਗਈ ਹੈ ਜਿਸ ਦੇ ਮੁੱਖ ਸੰਪਾ. ਡਾ. ਜਸਵਿੰਦਰ ਸਿੰਘ ਸੈਣੀ ਅਤੇ ਸਹਿ–ਸੰਪਾ. ਡਾ. ਸਤੀਸ਼ ਕੁਮਾਰ ਵਰਮਾ ਤੇ ਡਾ. ਉਮਾ ਸੇਠੀ ਹਨ। ਇਸ ਪੁਸਤਕ ਵਿੱਚ ਨਾਟਕ ਅਤੇ ਪੰਜਾਬੀ ਨਾਟਕ ਦੇ ਸਿਧਾਂਤਕ ਤੇ ਵਿਹਾਰਕ ਪਰਿਪੇਖ ਨੂੰ ਉਭਾਰਦੇ ਕੁੱਲ 12 ਖੋਜ–ਪੱਤਰ ਸ਼ਾਮਿਲ ਕੀਤੇ ਗਏ ਹਨ ਜਿਨ੍ਹਾਂ ਨੂੰ ਕਿ ਨਾਟਕ ਅਤੇ ਪੰਜਾਬੀ ਨਾਟਕ ਦੇ ਖੇਤਰ ਨਾਲ਼ ਸਬੰਧਤ ਸਮਰੱਥ ਵਿਦਵਾਨਾਂ ਨੇ ਲਿਖਿਆ ਹੈ।

ਇਸ ਪੁਸਤਕ ਵਿੱਚ ਸ਼ਾਮਿਲ ਪਹਿਲਾ ਖੋਜ–ਪੱਤਰ ਦੋ ਪ੍ਰਬੁੱਧ ਵਿਦਵਾਨਾਂ – ਗਿਆਨੀ ਪਿਆਰਾ ਸਿੰਘ ਗਿੱਲ ਅਤੇ ਐੱਲ.ਐੱਸ. ਕੇਹਰ ਸਿੰਘ 'ਅਜੀਤ' ਹੇੜੀਆਂ ਦੁਆਰਾ ਲਿਖਿਆ ਗਿਆ ਹੈ, ਜਿਸ ਦਾ ਸਿਰਲੇਖ ਹੈ – 'ਨਾਟਕ ਕੀ ਹੈ ?' ਇਸ ਖੋਜ–ਪੱਤਰ ਵਿੱਚ ਖੋਜੀ ਵਿਦਵਾਨਾਂ ਨੇ 'ਨਾਟਕ' ਬਾਰੇ ਵਿਸਥਾਰ ਸਹਿਤ ਚਰਚਾ ਕਰਦਿਆਂ, ਨਾਟਕ ਨੂੰ ਸਭ ਤੋਂ ਪਹਿਲਾਂ 'ਕਾਵਿ' ਦੇ ਨਾਲ਼ ਜੋੜਿਆ ਹੈ ਕਿਉਂਕਿ ਪਹਿਲੋਂ ਹਰੇਕ ਸਾਹਿਤਕ ਵੰਨਗੀ/ਵਿਧਾ/ਰੂਪ/ਰੂਪਾਕਾਰ ਆਦਿ ਨੂੰ ਕੇਵਲ 'ਕਾਵਿ–ਸਾਹਿਤ' ਵਜੋਂ ਹੀ ਪਰਿਭਾਸ਼ਤ ਕੀਤਾ ਜਾਂਦਾ ਸੀ। ਉਦੋਂ ਸਾਹਿਤ ਨੂੰ ਦੋ ਰੂਪਾਂ ਵਿੱਚ ਵੰਡ ਕੇ ਪਰਿਭਾਸ਼ਤ ਕੀਤਾ ਜਾਂਦਾ ਸੀ :

(1) ਸ੍ਰਵ ਕਾਵਿ : ਜਿਸ ਕਾਵਿ ਨੂੰ ਅਸੀਂ ਸੁਣ ਕੇ ਮਾਣੀਏ ਅਰਥਾਤ ਜਿਸ ਦੇ ਗ੍ਰਹਿਣ ਦਾ ਮਾਧਿਅਮ ਸੁਣਨ ਵਾਲ਼ੀਆਂ ਇੰਦਰੀਆਂ ਹੋਣ।

(2) ਦ੍ਰਿਸ਼ ਕਾਵਿ : ਜਿਸ ਨੂੰ ਅੱਖਾਂ ਰਾਹੀਂ ਗ੍ਰਹਿਣ ਕੀਤਾ ਜਾਵੇ।

ਸੋ ਨਾਟਕ ਨੂੰ ਪਹਿਲਾਂ 'ਦ੍ਰਿਸ਼ ਕਾਵਿ' ਵਜੋਂ ਦੇਖਿਆ, ਸਮਝਿਆ ਤੇ ਪਰਿਭਾਸ਼ਤ ਕੀਤਾ ਜਾਂਦਾ ਸੀ।

ਉਪਰੋਕਤ ਵਿਦਵਾਨਾਂ ਦੁਆਰਾ ਵੀ ਨਾਟਕ ਨੂੰ 'ਦ੍ਰਿਸ਼ ਕਾਵਿ' ਦੇ ਰੂਪ ਵਿੱਚ ਪਰਿਭਾਸ਼ਤ ਕਰਦਿਆਂ ਪਹਿਲੋਂ 'ਕਾਵਿ' ਸਬੰਧੀ ਵਿਵੇਚਨ ਕੀਤਾ ਹੈ। ਇਸ ਵਿਵੇਚਨ ਵਿੱਚ ਸਭ ਤੋਂ ਪਹਿਲਾਂ ਕਾਰਲਾਇਲ, ਰਸਕਿਨਜ਼, ਸ਼ੈਲੇ, ਕਾਰਥਾਯ, ਵਾਟਸ ਡਟਨ, ਮਿਲਟਨ, ਅਰਸਤੂ, ਵਰਡਜ਼ਵਰਥ, ਵਿੰਨਚੈਸਟ੍ਰ, ਮੈਥਯੂਅਰਨਲਡ, ਲਾਈਟ ਹੰਟ, ਵੇਟਲੇ, ਐਮਰਸਨ, ਖਲੀਲ ਬਿਨ ਐਹਮਦ ਬਸਰਵੀ ਸਮੇਤ ਹੋਰ ਕਈ ਵਿਦਵਾਨਾਂ ਦੀਆਂ ਕਵਿਤਾ/ਕਾਵਿ ਸਬੰਧੀ ਪਰਿਭਾਸ਼ਾਵਾਂ ਨੂੰ ਦਰਜ ਕੀਤਾ ਗਿਆ ਹੈ। ਕਾਵਿ/ਕਵਿਤਾ ਸਬੰਧੀ ਦਰਜ ਕੀਤੀਆਂ ਗਈਆਂ ਪਰਿਭਾਸ਼ਾਵਾਂ ਵਿੱਚ ਕਾਵਿ ਦੇ ਵੱਖ–ਵੱਖ ਤੱਤਾਂ ਦਾ ਜ਼ਿਕਰ ਕੀਤਾ ਗਿਆ ਹੈ, ਦਰਜ ਪਰਿਭਾਸ਼ਾਵਾਂ ਦਾ ਨਿਚੋੜ ਇਹੋ ਹੈ ਕਿ – ਕਾਵਿ; ਇੱਕ ਕਲਾਤਮਕ, ਭਾਵੁਕ, ਸੁਹਜਾਤਮਕ ਉਡਾਰੀ ਹੈ ਜਿਸ ਰਾਹੀਂ ਕਿ ਮਨੁੱਖ ਆਪਣੇ ਮਨ ਅੰਦਰਲੀ ਵੇਦਨਾ, ਕਲਪਨਾ, ਸੰਗੀਤਕ ਸੰਰਚਨਾ, ਭਾਵਨਾਵਾਂ ਦੇ ਵੇਗ ਨੂੰ ਜ਼ਾਹਰ ਕਰਦਾ ਹੈ। "ਅਸਲ ਵਿਚ ਕਵਿਤਾ ਇਕ ਅਗੰਮੀ ਤੇ ਅਗਾਧ ਉਨਰ (ਹੁਨਰ) ਹੈ, ਜਿਹੜਾ ਕਿ ਮਨੁੱਖੀ ਮਨ ਦੇ ਹਾਵਾਂ ਭਾਵਾਂ, ਵਲਵਲਿਆਂ, ਝਰਾਨਾਟਾਂ, ਲਹਿਰਾਂ, ਤ੍ਰੰਗਾਂ, ਦੁਖਾਂ ਸੁਖਾਂ ਦੇ ਵੇਗਾਂ ਅਤੇ ਸੰਸਾਰਕ ਹੁਸਨਾਂ, ਰਾਗਾਂ, ਵਿਰਾਗਾਂ ਅਤੇ ਕੋਮਲਤਾਈਆਂ ਦਾ ਸ਼ਬਦਕ ਘਾੜਤ ਵਿਚ ਹੂਬਹੂ, ਸੱਚਾ ਤੇ ਜੀਉਂਦਾ ਜਾਗਦਾ ਫੋਟੋ ਖਿਚ ਸੰਸਾਰ ਅੱਗੇ ਪੇਸ਼ ਕਰਦਾ ਹੈ, ਜਿਸ ਤੋਂ ਵੇਖਣ ਜਾਂ ਸੁਣਨ ਵਾਲੇ ਲੋਕਾਂ ਦੀ ਹਾਰਮਨੀ (ਲੈ) ਕੁਦਰਤ ਦੀ ਹਾਰਮਨੀ ਨਾਲ ਇਕਮਿਕ ਹੋ ਅਕਹਿ ਅਤੇ ਅਸਚਰਜ ਰਸ ਮਾਣਦੀ ਹੈ।"[1]

---

1 ਨਾਟ–ਸਿਧਾਂਤ, ਡਾ. ਜਸਵਿੰਦਰ ਸਿੰਘ ਸੈਣੀ (ਮੁੱਖ ਸੰਪਾ.), ਡਾ. ਸਤੀਸ਼ ਕੁਮਾਰ ਵਰਮਾ ਅਤੇ ਡਾ. ਉਮਾ ਸੇਠੀ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2017, ਪੰਨਾ 04–05

ਇਸ ਉਪਰਾਂਤ ਇਸ ਖੋਜ–ਪੱਤਰ ਵਿੱਚ ਇਹ ਸੁਝਾਇਆ ਗਿਆ ਹੈ ਕਿ ਨਾਟਕ, ਦ੍ਰਿਸ਼–ਕਾਵਿ ਨਾਲ਼ ਜੁੜਿਆ ਸਾਹਿਤਕ ਰੂਪ ਹੈ, ਜਿਸ ਦਾ ਵਿਸ਼ੇਸ਼ ਗੁਣ ਸਟੇਜਕ (ਸਟੇਜ ਨਾਲ਼ ਜੁੜਿਆ ਹੋਇਆ) ਹੋਣਾ ਹੁੰਦਾ ਹੈ। ਇਸ ਖੋਜ–ਪੱਤਰ ਅਨੁਸਾਰ, "ਨਾਟਕ ਕੀ ਹੈ ? ਮਨੁੱਖੀ ਜੀਵਨ ਦੀਆਂ ਮਨੋਰੰਜਕ ਘਟਨਾਵਾਂ ਦੀ ਇਕ ਜੀਉਂਦੀ, ਜਾਗਦੀ, ਬੋਲਦੀ, ਚਲਦੀ, ਤੁਰਦੀ, ਫਿਰਦੀ, ਇੰਨ ਬਿੰਨ, ਅਸਲ ਮੁਤਾਬਕ ਨਕਲ ਹੈ, ਜੋ ਨਾਟਕਕਾਰ ਮਨੁੱਖੀ ਹਾਵਾਂ ਭਾਵਾਂ ਦਾ ਚਿੱਤ੍ਰ ਆਪਨੇ ਮਨ ਮਰਜ਼ੀ ਦੇ ਘੜ੍ਹੇ ਪਾਤ੍ਰਾਂ (ਪਾਤਰਾਂ) ਰਾਹੀਂ ਰੰਗ ਭੂਮਿਕਾ ਵਿਚ ਦਰਸ਼ਕਾਂ ਅੱਗੇ ਪੇਸ਼ ਕਰਦਾ ਹੈ।"[2]

ਇਸ ਖੋਜ–ਪੱਤਰ ਵਿੱਚ ਮਿ. ਵਿੰਨਚੈਸਟਰ ਦੇ ਹਵਾਲੇ ਨਾਲ਼ ਦੱਸਿਆ ਗਿਆ ਹੈ ਕਿ ਪਹਿਲੋਂ–ਪਹਿਲ ਕਵਿਤਾ ਦੀਆਂ ਤਿੰਨ ਕਿਸਮਾਂ ਪ੍ਰਚਲਿਤ ਸਨ : ਐਪਿਕ, ਲਿਰਿਕ ਅਤੇ ਡਰਾਮਾ। ਐਪਿਕ ਮਹਾਂਗਾਥਾ ਨੂੰ ਆਖਦੇ ਸਨ ਜਿਵੇਂ ਕਿ ਮਹਾਂਭਾਰਤ, ਰਮਾਇਣ, ਈਲੀਅਡ, ਓਡੀਸੀ ਆਦਿ। ਲਿਰਕ ਤੋਂ ਭਾਵ ਉਹ ਕਾਵਿ–ਰੂਪ ਸੀ ਜਿਸ ਵਿੱਚ ਮਨੁੱਖੀ ਹਾਵਾਂ–ਭਾਵਾਂ ਦਾ ਚਿੱਤਰ ਖਿੱਚਿਆ ਜਾਂਦਾ ਸੀ ਜਿਵੇਂ ਕਿ ਬੁੱਲ੍ਹੇ ਸ਼ਾਹ ਦੀਆਂ ਕੁਝ ਕਾਫ਼ੀਆਂ, ਦਸਮ ਗਰੰਥ ਦੀਆਂ ਸਾਖੀਆਂ, ਊਧੋ ਤੇ ਸ੍ਰੀ ਕ੍ਰਿਸ਼ਨ ਦਾ ਸੰਵਾਦ ਆਦਿ। ਡਰਾਮਾ ਵਿੱਚ ਐਪਿਕ ਅਤੇ ਲਿਰਿਕ ਦੀਆਂ ਸਮੂਹ ਖ਼ੂਬੀਆਂ ਰਲ਼ੀਆਂ ਹੋਈਆਂ ਹੁੰਦੀਆਂ ਸਨ। ਐਪਿਕ ਨੂੰ ਲਿਰਕ ਦੇ ਪੈਰਾਏ ਬਿਆਨ ਕਰਨਾ ਨੂੰ ਡਰਾਮਾ ਸਮਝਿਆ ਜਾਂਦਾ ਸੀ।

ਇਸ ਉਪਰੰਤ ਇਸ ਖੋਜ–ਪੱਤਰ ਵਿੱਚ ਮਿ. ਕੀਥ ਦੇ ਹਵਾਲੇ ਨਾਲ਼ ਦੱਸਿਆ ਗਿਆ ਹੈ ਕਿ "ਡਰਾਮਾ ਮਨੁੱਖੀ ਜੀਵਨ ਦੇ ਦ੍ਰਿਸ਼ਾਂ ਜਾਂ ਘਟਨਾਵਾਂ ਦੀ ਨਕਲ ਦਾ ਨਾਮ ਹੈ, ਜੋ ਪਾਤ੍ਰਾਂ (Actors) ਦੀਆਂ ਹਰਕਤਾਂ ਅਤੇ ਬੋਲ ਚਾਲ ਰਾਹੀਂ ਪ੍ਰਗਟ ਕੀਤੀ ਜਾਂਦੀ ਹੈ।"[3] ਨਾਟਕ ਰਸ–ਭਰਪੂਰ ਹੁੰਦਾ ਹੈ, ਕਾਮੇਡੀ ਹੋਵੇ ਭਾਵੇਂ ਟਰੈਜਿਕ। ਹਿੰਦੀ ਵਿਦਵਾਨ ਉਸ ਕਵਿਤਾ ਨੂੰ ਨਾਟਕ ਸਮਝਦੇ ਹਨ ਜਿਹੜੀ ਵੇਖੀ, ਸੁਣੀ ਜਾ ਸਕਦੀ ਹੈ ਅਤੇ ਜਿਸ ਰਾਹੀਂ ਮਨੁੱਖੀ ਹਾਵਾਂ–ਭਾਵਾਂ, ਨ੍ਰਿਤਕਾਰੀ ਆਦਿ ਨੂੰ ਰਾਗ ਤੇ ਬੋਲਾਂ ਰਾਹੀਂ ਕਿਹਾ ਜਾ ਸਕਦਾ ਹੋਵੇ। ਸੰਸਕ੍ਰਿਤ ਵਿਦਵਾਨ ਇਹ ਆਖਦੇ ਹਨ ਕਿ ਨਾਟਕ ਵਿੱਚ ਅਦਾਕਾਰ ਕਿਸੇ ਪਾਤਰ ਨੂੰ ਧਾਰਨ ਕਰਦਾ ਹੋਇਆ ਉਸ ਵਿਅਕਤੀ ਦਾ ਭੁਲਾਂਦਰਾ ਸਿਰਜਦਾ ਹੈ, ਜਿਸਦੇ ਪਾਤਰ ਨੂੰ ਉਹ ਅਭਿਨੀਤ ਕਰ ਰਿਹਾ ਹੁੰਦਾ ਹੈ।

ਨਾਟਕ ਸ਼ਬਦ ਦੀ ਉਤਪਤੀ ਸੰਸਕ੍ਰਿਤ ਦੇ 'ਨਟ' ਧਾਤੂ ਤੋਂ ਹੋਈ ਮੰਨੀ ਜਾਂਦੀ ਹੈ ਜਿਸ ਦਾ ਅਰਥ ਹੈ – ਨੱਚਣਾ। ਵਿਸ਼ਵ ਪੱਧਰ ਉੱਤੇ ਨਾਟਕ ਦਾ ਆਰੰਭ ਨਾਚ ਅਤੇ ਨਕਲ ਤੋਂ ਹੋਇਆ ਮੰਨਿਆ ਜਾਂਦਾ ਹੈ। ਅੰਗਰੇਜ਼ੀ ਵਿੱਚ ਨਾਟਕ ਸ਼ਬਦ ਦਾ ਉਲੱਥਾ 'ਡਰਾਮਾ' ਸ਼ਬਦ ਦੇ ਰੂਪ ਵਿੱਚ ਕੀਤਾ ਜਾਂਦਾ ਹੈ। ਡਰਾਮਾ ਸ਼ਬਦ ਯੂਨਾਨੀ ਦੇ ਸ਼ਬਦ 'ਡਰਾਉ' ਤੋਂ ਨਿਕਲ਼ਿਆ ਮੰਨਿਆ ਜਾਂਦਾ ਹੈ ਜਿਸ ਦਾ ਅਰਥ ਸੀ – ਕੰਮ ਕਰਨਾ। ਹੌਲ਼ੀ–ਹੌਲ਼ੀ ਇਹ 'ਕੰਮ ਕਰਨਾ' ਸ਼ਬਦ ਅਦਾਕਾਰੀ (Acting) ਵਿਸ਼ੇਸ਼ ਨਾਲ਼ ਜੁੜਦਾ ਚਲਿਆ ਗਿਆ।

ਇਸ ਉਪਰੰਤ ਇਸ ਖੋਜ–ਪੱਤਰ ਵਿੱਚ ਨਾਟਕ ਦਾ ਬਾਕੀ ਹੋਰ ਹੁਨਰਾਂ/ਕਲਾਵਾਂ ਤੋਂ ਵਖਰੇਵਾਂ ਸਥਾਪਿਤ ਕਰਨ ਹਿੱਤ ਯਤਨ ਕੀਤਾ ਗਿਆ ਹੈ। ਜਿਵੇਂ ਕਿ ਬੁੱਤ ਘੜ੍ਹਨਾ ਵੀ ਇੱਕ ਹੁਨਰ/ਕਲਾ ਹੈ ਪਰ ਬੁੱਤ ਨਿਰਜੀਵ ਹੁੰਦੇ ਹਨ, ਉਹ ਨਾਟਕਾਂ ਦੇ ਅਦਾਕਾਰਾਂ ਵਾਂਗ ਜੀਵੰਤ ਵਿਹਾਰ ਨਹੀਂ ਕਰ ਸਕਦੇ। ਇਸੇ ਪ੍ਰਕਾਰ ਚਿੱਤਰਕਾਰ ਜੋ ਚਿੱਤਰ ਬਣਾਉਂਦਾ ਹੈ, ਉਹ ਇੱਕ ਵਾਰ ਤਾਂ ਬਿਲਕੁਲ ਜੀਵੰਤ ਹੋਣ ਦਾ ਭੁਲਾਂਦਰਾ ਸਿਰਜਦਾ ਹੈ ਪਰ ਚਿੱਤਰ ਵਿੱਚ ਪੇਸ਼ ਵਿਅਕਤੀ/ਵਸਤ/ਵਰਤਾਰਾ ਸਦਾ ਇੱਕ ਮੁਦਰਾ ਵਿੱਚ ਜੜ੍ਹਵਤ ਰਹਿੰਦਾ ਹੈ। ਚਿੱਤਰਕਾਰੀ Still Photography ਵਰਗੀ ਹੈ ਜਦਕਿ ਨਾਟ–ਕਲਾ Video–Graphy ਵਰਗੀ ਹੈ।

---

2 ਨਾਟ–ਸਿਧਾਂਤ, ਡਾ. ਜਸਵਿੰਦਰ ਸਿੰਘ ਸੈਣੀ (ਮੁੱਖ ਸੰਪਾ.), ਡਾ. ਸਤੀਸ਼ ਕੁਮਾਰ ਵਰਮਾ ਅਤੇ ਡਾ. ਉਮਾ ਸੇਠੀ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2017, ਪੰਨਾ 05

3 ਉਹੀ ਹਵਾਲਾ

ਸੰਗੀਤ ਅਤੇ ਨਾਚ ਨੂੰ ਉਦੋਂ ਹੀ ਨਾਟ-ਕਲਾ ਦਾ ਅੰਸ਼ ਕਿਹਾ ਜਾ ਸਕਦਾ ਹੈ ਜਦ ਇਸ ਵਿੱਚ ਕਹਾਣੀ/ਕਥਾ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਨਾਟਕ ਉਹ ਕਲਾ ਹੈ ਜਿਸ ਵਿੱਚ ਸੰਗੀਤ, ਨਾਚ ਸਮੇਤ ਹੋਰ ਸਭਨਾਂ ਹੁਨਰਾਂ ਤੇ ਕਲਾਵਾਂ ਦੇ ਗੁਣ ਵਿਦਮਾਨ ਰਹਿੰਦੇ ਹਨ। ਕੇਵਲ ਪੜ੍ਹੀ ਜਾਣ ਵਾਲ਼ੀ ਕਵਿਤਾ ਨੂੰ ਵੀ ਨਾਟਕ ਦਾ ਵਿਸ਼ੇਸ਼ਣ ਨਹੀਂ ਦਿੱਤਾ ਜਾ ਸਕਦਾ। ਕਵਿਤਾ ਆਪਣੇ ਅੰਦਰੂਨੀ ਗੁਣਾਂ (ਅੰਲਕਾਰ, ਬਿੰਬ, ਪ੍ਰਤੀਕ, ਰੂਪਕ ਆਦਿ) ਸਦਕਾ ਕਿਸੇ ਵਿਅਕਤੀ/ਵਸਤ/ਵਰਤਾਰੇ ਦਾ ਸਜੀਵ ਚਿੱਤਰ ਤਾਂ ਖਿੱਚ ਸਕਦੀ ਹੈ ਪਰ ਇਹ ਸ਼ਬਦ-ਚਿੱਤਰ ਪਾਠਕ/ਸਰੋਤੇ ਦਾ ਉਪਜਾਇਆ ਜ਼ਿਹਨੀ ਚਿੱਤਰ ਹੁੰਦਾ ਹੈ, ਯਥਾਰਥਕ ਨਹੀਂ ਹੁੰਦਾ।

ਉਪਰੋਕਤ ਵਿਚਾਰਾਂ ਦੀ ਲੋਅ ਵਿੱਚ ਖੋਜ ਪੱਤਰ ਦੇ ਅਖ਼ੀਰ ਵਿੱਚ ਇਹ ਦਰਸਾਇਆ ਗਿਆ ਹੈ ਕਿ ਨਾਟਕ, ਬਾਕੀ ਸਾਰੇ ਹੋਰ ਹੁਨਰ-ਕਲਾਵਾਂ ਵਿੱਚੋਂ ਸ਼ਰੇਸ਼ਠ ਹੈ ਕਿਉਂਕਿ "ਨਾਟਕ ਨੂੰ ਨ ਕੇਵਲ ਬਾਕੀ ਕੋਮਲ ਉਨਰਾਂ (ਹੁਨਰਾਂ) ਤੋਂ ਇਕ ਖਾਸ ਵੱਡਤ ਤੇ ਮਾਨ ਈ ਪ੍ਰਾਪਤ ਹੈ, ਸਗੋਂ ਇਹ ਉਨਰ ਵੱਡਾ ਕਠਨ, ਡੂੰਘਾ ਅਤੇ ਬਹੁਤ ਸਾਰੀ ਸੋਚ ਵਿਚਾਰ ਦਾ ਲੋੜਮੰਦ ਹੈ। ਇਸ ਨੂੰ ਪੂਰੀ ਤਰ੍ਹਾਂ ਨਿਭਾਉਣ ਲਈ ਨਾਟਕ ਕਰਤਾ ਵਿਚ ਬੜੀ ਉਚੀ ਸੋਚ, ਉਡਾਰੀ, ਦੂਰਅੰਦੇਸ਼ੀ, ਵਿਦਵੱਤਾ, ਡੂੰਘੀ ਵਾਕਫੀਯਤ, ਚਤਰਾਈ, ਨਿਪੁਨਤਾ ਅਤੇ ਹਰ ਚੀਜ਼ ਦੀ ਰੂਹ ਨੂੰ ਚੰਗੀ ਤਰ੍ਹਾਂ ਸੋਚਣ, ਸਮਝਣ ਅਤੇ ਉਸ ਤੋਂ ਕੰਮ ਲੈਣ ਦੀ ਪੂਰੀ ਪੂਰੀ ਜਾਚ ਹੋਣੀ ਚਾਹੀਦੀ ਹੈ।"[4] ਨਾਟਕ ਲਈ ਵੱਡੀ ਔਕੜ ਇਸ ਰੂਪ ਵਿੱਚ ਵੀ ਹੈ ਕਿ ਨਾਟਕ ਦਾ ਕਾਰਜ ਦੋਹਰਾ/ਦੂਹਰਾ ਹੈ। ਜਿੱਥੇ ਇਹ ਸਾਹਿਤਕ ਕ੍ਰਿਤ ਵਜੋਂ ਪੇਸ਼ ਹੁੰਦਾ ਹੈ ਓਥੇ ਹੀ ਇਸਨੇ ਮੰਚੀ-ਪਾਠ ਵਜੋਂ ਵੀ ਪ੍ਰਸਤੁਤ ਹੋਣਾ ਹੁੰਦਾ ਹੈ। ਸੋ ਸਾਹਿਤਕ ਕ੍ਰਿਤ ਤੋਂ ਅਗਾਂਹ ਮੰਚੀ-ਪਾਠ ਵਜੋਂ ਪ੍ਰਸਤੁਤ ਹੋਣ ਲਈ, ਇਸ ਨੂੰ ਮੰਚੀ-ਪਾਠ ਵਿੱਚ ਢਾਲਣ ਲਈ ਕਾਫੀ ਤਰੱਦਦ ਕਰਨਾ ਪੈਂਦਾ ਹੈ। ਮੰਚ ਅਨੁਸਾਰੀ ਬਣਾਉਣ ਲਈ ਨਾਟਕੀ ਸਾਹਿਤਕ ਕ੍ਰਿਤ ਨੂੰ ਮੰਚੀ-ਜੁਗਤਾਂ ਦੇ ਹਾਣ ਦਾ ਬਣਾਉਣਾ ਪੈਂਦਾ ਹੈ।


**ਡਾ. ਸਰਬਜੀਤ ਸਿੰਘ**

ਸਹਾਇਕ ਪ੍ਰੋਫ਼ੈਸਰ (ਪੰਜਾਬੀ)

ਅਕਾਲ ਡਿਗਰੀ ਕਾਲਜ

ਮਸਤੂਆਣਾ ਸਾਹਿਬ, ਸੰਗਰੂਰ।


4 ਨਾਟ-ਸਿਧਾਂਤ, ਡਾ. ਜਸਵਿੰਦਰ ਸਿੰਘ ਸੈਣੀ (ਮੁੱਖ ਸੰਪਾ.), ਡਾ. ਸਤੀਸ਼ ਕੁਮਾਰ ਵਰਮਾ ਅਤੇ ਡਾ. ਉਮਾ ਸੇਠੀ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2017, ਪੰਨਾ 07